BRITISH COLUMBIA
The Best Place on Earth

ਸਾਡਾ ਹਵਾਲਾ ਨੰਬਰ: 128281

ਪਿਆਰੇ ਮਾਪੇ:

ਪੜ੍ਹਣ ਦਾ ਤੋਹਫਾ ਸੱਭ ਤੋਂ ਵਧੀਆ ਤੋਹਫਿਆਂ ਵਿੱਚੋਂ ਇਕ ਹੈ ਜਿਹੜਾ ਤੁਸੀਂ ਆਪਣੇ ਬੱਚੇ ਨੂੰ ਦੇ ਸਕਦੇ ਹੋ। ਆਪਣੇ ਬੱਚਿਆਂ ਨਾਲ ਰਲ ਕੇ ਪੜ੍ਹਣ ਨਾਲ ਉਨ੍ਹਾਂ ਦੇ ਸੁਣਨ ਅਤੇ ਪੜ੍ਹਣ ਦੇ ਹੁਨਰਾਂ ਵਿਚ ਵਾਧਾ ਹੋ ਸਕਦਾ ਹੈ, ਉਨ੍ਹਾਂ ਦਾ ਆਤਮ-ਵਿਸ਼ਵਾਸ ਵਧ ਸਕਦਾ ਹੈ ਅਤੇ ਉਨ੍ਹਾਂ ਵਿਚ ਲਿਖਤੀ ਸ਼ਬਦ ਰਾਹੀਂ ਨਵੀਂ ਦੁਨੀਆਂ ਦਾ ਪਤਾ ਲਾਉਣ ਲਈ ਉਤਸ਼ਾਹ ਵਧ ਸਕਦਾ ਹੈ। ਅਤੇ ਇਹ ਆਨੰਦਮਈ ਹੈ!

ਅੱਜ ਤੁਹਾਡਾ ਬੱਚਾ *ਦਾ ਆਂਟਸ ਕਮ ਮਾਰਚਿੰਗ* ਨਾਂ ਦੀ ਇਕ ਕਿਤਾਬ ਘਰ ਲੈ ਕੇ ਆਇਆ ਹੈ। ਇਹ ਕਿਤਾਬ ਬ੍ਰਿਟਿਸ਼ ਕੋਲੰਬੀਆ ਦੇ ਕਿੰਡਰਗਾਰਟਨ ਦੇ ਸਾਰੇ ਵਿਦਿਆਰਥੀਆਂ ਲਈ ਸੂਬੇ ਵਲੋਂ ਇਕ ਤੋਹਫਾ ਹੈ ਜਿਸ ਦਾ ਮਕਸਦ ਪੜ੍ਹਨਾ ਸਿੱਖਣ ਵਿਚ ਉਨ੍ਹਾਂ ਦੀ ਮਦਦ ਕਰਨਾ ਹੈ।

ਹੁਣੇ ਹੁਣੇ *ਦਾ ਆਂਟਸ ਕਮ ਮਾਰਚਿੰਗ* ਨੂੰ, ਪੜ੍ਹਣ ਦਾ ਵੇਲਾ: ਬ੍ਰਿਟਿਸ਼ ਕੋਲੰਬੀਆ ਅਚੀਵਮੈਂਟ ਫਾਉਂਡੇਸ਼ਨ ਅਵਾਰਡ ਫਾਰ ਅਰਲੀ ਲਿਟਰੇਸੀ ਇਨਾਮ ਦਿੱਤਾ ਗਿਆ ਹੈ।

ਇਸ ਕਿਤਾਬ ਨਾਲ, ਅਸੀਂ ਜ਼ਿੰਦਗੀ ਭਰ ਪੜ੍ਹਣ ਵਾਲਿਆਂ ਦੀ ਪੀੜ੍ਹੀ ਤਿਆਰ ਕਰਨ ਲਈ ਬ੍ਰਿਟਿਸ਼ ਕੋਲੰਬੀਆ ਦੀਆਂ ਕੋਸ਼ਿਸ਼ਾਂ ਵਿਚ ਤੁਹਾਡੇ ਪਰਿਵਾਰ ਨੂੰ ਸ਼ਾਮਲ ਕਰ ਰਹੇ ਹਾਂ। ਜਿਨ੍ਹਾਂ ਬੱਚਿਆਂ ਕੋਲ ਆਪਣੀਆਂ ਕਿਤਾਬਾਂ ਹੁੰਦੀਆਂ ਹਨ ਅਤੇ ਜਿਨ੍ਹਾਂ ਦੇ ਪਰਿਵਾਰ ਉਨ੍ਹਾਂ ਨੂੰ ਪੜ੍ਹ ਕੇ ਸੁਣਾਉਂਦੇ ਹਨ, ਉਹ ਬੱਚੇ ਅਕਸਰ ਬਹੁਤ ਤੇਜ਼ੀ ਨਾਲ ਸਿੱਖਣਾ ਸ਼ੁਰੂ ਕਰਦੇ ਹਨ।

ਪੜ੍ਹਣ ਵਿਚ ਆਪਣੇ ਬੱਚੇ ਦੀ ਮਦਦ ਕਰਨ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਰੀਡਨਾਓ ਬੀ ਸੀ ਵੈੱਬਸਾਈਟ (www.readnowbc.ca) ਦੇਖੋ।

ਮੈਂ ਤੁਹਾਨੂੰ ਇਹ ਉਤਸ਼ਾਹ ਦਿੰਦੀ ਹਾਂ ਕਿ ਤੁਸੀਂ ਆਪਣੇ ਬੱਚੇ ਨਾਲ ਰਲ ਕੇ *ਦਾ ਆਂਟਸ ਕਮ ਮਾਰਚਿੰਗ* ਨਾਂ ਦੀ ਕਿਤਾਬ ਪੜ੍ਹੋ। ਆਪਣੇ ਛੋਟੇ ਸਿਖਾਂਦਰੂ ਨੂੰ ਪੜ੍ਹਣ ਦਾ ਤੋਹਫਾ ਦਿਉ ਅਤੇ ਇਕੱਠਿਆਂ ਸਮਾਂ ਗੁਜ਼ਾਰ ਕੇ ਆਨੰਦ ਲਵੋ।

ਸੱਚੇ ਦਿਲੋਂ,

ਸ਼ਰਲੀ ਬੌਂਡ
ਮਨਿਸਟਰ
ਡਿਪਟੀ ਪ੍ਰੀਮੀਅਰ

Enclosure

**Ministry of Education**

Office of the Minister
and Deputy Premier

Mailing Address:
PO Box 9045 Stn Prov Govt
Victoria BC V8W 9E2

Location:
Parliament Buildings
Victoria, BC